ਵਿਚਾਰ :- ਬੁੱਢੇ ਹੋਏ ਚੁਲੇ–ਡਿੱਗੇ ਹੋਏ ਤੰਬੂ–ਹਾਰੀਆਂ ਹੋਈਆਂ ਹਿੰਮਤਾਂ–ਉੱਖੜੇ ਹੋਏ ਝੰਡੇ–ਕਿਸੇ ਲਈ ਵੀ ਧਰਵਾਸ ਨਹੀਂ ਬਣਦੇ



# ਸੌਦਾ ਸਾਧ ਭਾਰਤੀ ਕਾਨੂੰਨ ਤੇ ਵਿਧਾਨ ਤੋਂ ਵੀ ਉੱਪਰ

ਪੰਜਾਬ ਦੀ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਇਕ ਵਾਰ ਮੁੜ ਲੜਖੜਾ ਗਈ ਹੈ। ਸੌਦਾ ਸਾਧ ਦੀ ਬਦਮਾਸ਼ੀ ਕਾਰਨ ਪੰਜਾਬ ਦੇ ਕਈ ਸ਼ਹਿਰਾਂ ‘ਚ ਹਿੰਸਕ ਘਟਨਾਵਾਂ ਵਾਪਰੀਆਂ ਹਨ ਅਤੇ ਜਨਤਕ ਜਾਇਦਾਦ ਦਾ ਨੁਕਸਾਨ ਹੋਇਆ ਹੈ। ਪੰਜਾਬ ਅੰਦਰ ਕਾਨੂੰਨ ਵਿਵਸਥਾ ਦੇ ਬੇਕਾਬੂ ਹੋਣ ਦੀ ਇਹ ਛੇਵੀਂ ਘਟਨਾ ਹੈ। ਅਕਾਲੀ-ਭਾਜਪਾ ਸਰਕਾਰ ਦੇ ਹੋਂਦ ਵਿੱਚ ਆਉਂਦਿਆਂ ਹੀ ਡੇਰਾ ਸਿਰਸਾ ਦੇ ਮੁਖੀ ਵੱਲੋਂ ਜਾਮ-ਏ-ਇੰਸਾਂ ਪਿਲਾਏ ਜਾਣ ਕਾਰਨ ਡੇਢ ਸਾਲ ਰਾਜ ਅੰਦਰ ਹਾਲਤ ਤਣਾਅ ਪੂਰਨ ਰਹੇ। ਮਈ 2009 ਵਿੱਚ ਆਸਟਰੀਆ ਦੀ ਰਾਜਧਾਨੀ ਵੀਆਨਾ ਵਿੱਚ ਡੇਰਾ ਬੱਲਾਂ (ਜਲੰਧਰ) ਦੇ ਉਪ ਮੁਖੀ ਬਾਬਾ ਰਾਮਾਨੰਦ ਦੀ ਹੱਤਿਆ ਕਰ ਦੇਣ ਤੋਂ ਬਾਅਦ ਪੰਜਾਬ ਵਿੱਚ ਵਿਆਪਕ ਹਿੰਸਾ ਹੋਈ ਸੀ। ਉਸ ਤੋਂ ਬਾਅਦ ਆਸ਼ੂਤੋਸ਼ ਦੇ ਮਾਮਲੇ ’ਤੇ ਇੱਕ ਸਿੰਘ ਦੀ ਲੁਧਿਆਨਾ ਵਿੱਚ ਪੁਲੀਸ ਫਾਇਰਿੰਗ ਨਾਲ ਮੌਤ ਹੋ ਗਈ ਸੀ। ਲੁਧਿਆਨਾ ਵਿੱਚ ਹੀ ਭਈਏ ਵੀ ਸੜਕਾਂ ’ਤੇ ਉੱਤਰ ਆਏ ਸਨ। ਪਿਛਲੇ ਹੀ ਹਫ਼ਤੇ ਈਸਾ ਮਸੀਹ ਦੀ ਤਸਵੀਰ ਗਲਤ ਢੰਗ ਨਾਲ ਪੇਸ਼ ਕਰਨ ਕਾਰਨ ਵੀ ਹਾਲਾਤ ਬੇਕਾਬੂ ਹੋ ਗਏ ਸਨ। ਇਸ ਕਾਰਨ ਪੰਜਾਬ ਨੂੰ ਕਾਫੀ ਆਰਥਿਕ ਨੁਕਸਾਨ ਝੱਲਣਾ ਪਿਆ ਸੀ। ਹੁਣ ਸੌਦਾ ਸਾਧ ਵਿਰੁੱਧ ਡੇਰੇ ਦੇ ਮੱਦੇਨਜ਼ਰ ਫਕੀਰ ਚੰਦ ਦੇ ਕਤਲ ਦਾ ਮਾਮਲਾ ਦਰਜ ਹੋਣ ਤੋਂ ਬਾਅਦ, ਡੇਰੇ ਵਲੋਂ ਸੌਦਾ ਸਾਧ ਦੀ ਗ੍ਰਿਫਤਾਰੀ ਦੇ ਡਰੋਂ, ਪਹਿਲਾਂ ਹੀ ਸਰਕਾਰਾਂ ਨੂੰ ਡਰਾਉਣ ਲਈ ਘੜੀ ਗਈ ਸਾਜਿਸ਼ ਅਧੀਨ ਪੰਜਾਬ ਹਰਿਆਣਾ ਤੇ ਰਾਜਸਥਾਨ ’ਚ ਇੱਕੋ ਸਮੇਂ ਕੀਤੀ ਗਈ ਸਰਕਾਰੀ ਜਾਇਦਾਦ, ਰੇਲਾਂ ਤੇ ਬੱਸਾਂ ਦੀ ਸਾੜ ਫੂਕ ਤੇ ਭੰਨਤੋੜ ਕਾਰਨ 28 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ ਅਤੇ ਸਰਕਾਰ ਵਲੋਂ ਬੱਸਾਂ ਤੇ ਰੇਲਾਂ ਬੰਦ ਕਰ ਦੇਣ ਕਾਰਨ 5 ਕਰੋੜ ਦਾ ਹੋਰ ਨੁਕਸਾਨ ਸਰਕਾਰੀ ਖਜ਼ਾਨੇ ਨੂੰ ਲੱਗਾ ਹੈ, ਪ੍ਰੰਤੂ ਤਿੰਨ ਸੂਬਿਆਂ ’ਚ ਕਿਸੇ ਵੀ ਸੂਬਾ ਸਰਕਾਰ ਨੇ ਸੌਦਾ ਸਾਧ ਵਿਰੁੱਧ ਐਨੀ ਵੱਡੀ ਪੱਧਰ ਤੇ ਸਰਕਾਰੀ ਜਾਇਦਾਦ ਨੂੰ ਤਬਾਹ ਕਰਨ ਦਾ ਪਰਚਾ ਤੱਕ ਦਰਜ ਨਹੀਂ ਕੀਤਾ, ਜਿਸ ਨੇ ਸਾਫ ਕਰ ਦਿੱਤਾ ਹੈ ਕਿ ਸਰਕਾਰਾਂ ਸੌਦਾ ਸਾਧ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਲਈ ਵੀ ਤਿਆਰ ਨਹੀਂ ਹਨ। ਉਨ੍ਹਾਂ ਨੇ ਵੋਟਾਂ ਦੀ ਖਾਤਰ ਸੌਦਾ ਸਾਧ ਅੱਗੇ ਗੋਡੇ ਟੇਕ ਦਿੱਤੇ। ਸੌਦਾ ਸਾਧ ਦੀਆਂ ਵੋਟਾਂ ਖਾਤਰ ਸੱਤਾਧਾਰੀ ਧਿਰਾਂ ਭਾਰਤ ਦੇ ਕਾਨੂੰਨ, ਵਿਧਾਨ, ਜਮਹੂਰੀਅਤ ਤੇ ਮਨੁੱਖੀ ਅਧਿਕਾਰਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਹੀਆਂ ਹਨ।

ਖ਼ਬਰਾਂ ਅਨੁਸਾਰ ਡੇਰਾ ਸੌਦਾ ਦੇ ਅਨੁਯਾਈਆਂ ਨੇ ਪੰਜਾਬ ਅਤੇ ਹਰਿਆਣੇ ‘ਚ ਰੋਸ ਪ੍ਰਗਟਾਉਂਦਿਆਂ 30 ਤੋਂ ਵੱਧ ਬੱਸਾਂ ਨੂੰ ਅੱਗ ਲਾ ਦਿੱਤੀ ਅਤੇ ਪੰਜ ਰੇਲ ਗੱਡੀਆਂ ਨੂੰ ਵੀ ਆਪਣੇ ਰੋਹ ਦਾ ਨਿਸ਼ਾਨਾ ਬਣਾਇਆ। ਮੋਗਾ, ਬਰਨਾਲਾ, ਬਾਘਾ ਪੁਰਾਣਾ, ਅਬੋਹਰ, ਮਾਨਸਾ, ਬਠਿੰਡਾ, ਕੋਟਕਪੂਰਾ ਅਤੇ ਲੁਧਿਆਣਾ ‘ਚ ਭੰਨਤੋੜ ਦੀਆਂ ਕਾਰਵਾਈਆਂ ਹੋਈਆਂ। ਇਸ ਤਰ੍ਹਾਂ ਹੀ ਹਰਿਆਣਾ ‘ਚ ਸਿਰਸਾ, ਜੀਂਦ, ਕਰਨਾਲ, ਹਿਸਾਰ, ਫਤਿਹਾਬਾਦ ਅਤੇ ਕੈਥਲ ‘ਚ ਵੀ ਵਾਪਰਿਆ। ਚੰਡੀਗੜ੍ਹ ਦੀ ਇਕ ਬੱਸ ਨੂੰ ਅੰਬਾਲਾ ਨੇੜੇ ਅੱਗ ਦੀ ਭੇਂਟ ਕੀਤਾ ਗਿਆ ਅਤੇ ਇਸ ਘਟਨਾ ‘ਚ ਮੇਰਠ ਦਾ ਇਕ ਵਿਅਕਤੀ ਅੱਗ ਨਾਲ ਬੁਰੀ ਤਰ੍ਹਾਂ ਲੂਹਿਆ ਗਿਆ। ਡੇਰਾ ਸੌਦਾ ਦੇ ਅਨੁਯਾਈ ਡੇਰਾ ਦੇ ਮੁਖੀ ਅਤੇ ਚਾਰ ਵਿਅਕਤੀਆਂ ਵਿਰੁੱਧ 1991 ‘ਚ ਡੇਰੇ ਦੇ ਸਾਬਕਾ ਮੈਨੇਜਰ ਫਕੀਰ ਚੰਦ ਨੂੰ ਕਤਲ ਕਰਨ ਦਾ ਮਾਮਲਾ ਦਰਜ ਕਰਨ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਨ। ਸੀ ਬੀ ਆਈ ਨੇ ਬੀਤੇ ਦਿਨੀਂ ਇਸ ਕਥਿਤ ਕਤਲ ਦੇ ਸੰਬੰਧ ‘ਚ ਮਾਮਲਾ ਦਰਜ ਕੀਤਾ ਸੀ। ਸੀਬੀਆਈ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ ਅਨੁਸਾਰ ਡੇਰਾ ਮੁਖੀ ਵਿਰੁੱਧ ਕੇਸ ਦਰਜ ਕੀਤਾ ਹੈ। ਹਾਈਕੋਰਟ ‘ਚ ਫਕੀਰ ਚੰਦ ਦੇ ਘਰ ਵਾਲਿਆਂ ਨੇ ਅਰਜ਼ ਕੀਤੀ ਸੀ ਕਿ ਫਕੀਰ ਚੰਦ ਨੂੰ ਪਹਿਲੋਂ ਗਾਇਬ ਕਰ ਦਿੱਤਾ ਗਿਆ ਸੀ ਅਤੇ ਬਾਅਦ ‘ਚ ਉਸ ਦਾ ਕਤਲ ਕਰ ਦਿੱਤਾ ਗਿਆ। ਡੇਰੇ ਦੇ ਬੁਲਾਰੇ ਦਾ ਕਹਿਣਾ ਹੈ ਕਿ ਫਕੀਰ ਚੰਦ ਜੋ ਕਿ ਡੇਰੇ ਦਾ ਮੈਨੇਜਰ ਸੀ, ਮਾਨਸਿਕ ਤੌਰ ‘ਤੇ ਪ੍ਰੇਸ਼ਾਨ ਰਹਿੰਦਾ ਸੀ। ਉਹ ਡੇਰੇ ਤੋਂ ਚਲਾ ਗਿਆ ਸੀ ਅਤੇ ਆਪਣੇ ਘਰੋਂ ਹੀ ਗੁੰਮ ਹੋਇਆ ਹੈ। ਕੇਂਦਰੀ ਜਾਂਚ ਬਿਊਰੋ ਨੇ ਮਾਮਲੇ ਦੀ ਸਥਿਤੀ ਨੂੰ ਸਪੱਸ਼ਟ ਕਰਦਿਆਂ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੁਆਰਾ ਦਿੱਤੇ ਨਿਰਦੇਸ਼ਾਂ ਅਧੀਨ ਹੀ ਡੇਰਾ ਮੁਖੀ ਅਤੇ ਚਾਰ ਹੋਰ ਵਿਅਕਤੀਆਂ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ, ਪਰ ਹਾਲੇ ਮੁੱਢਲੀ ਜਾਂਚ ਪੜਤਾਲ ਹੀ ਚੱਲ ਰਹੀ ਹੈ। ਕੇਂਦਰੀ ਜਾਂਚ ਬਿਊਰੋ ਨੇ ਹਾਲੇ ਇਸ ਮਾਮਲੇ ‘ਚ ਡੇਰਾ ਮੁਖੀ ਜਾਂ ਕਿਸੇ ਹੋਰ ਨੂੰ ਸੰਮਨ ਜਾਰੀ ਨਹੀਂ ਕੀਤੇ ਹਨ। ਵੱਖ-ਵੱਖ ਥਾਵਾਂ ਦੇ ਡੇਰਿਆਂ ਨੂੰ ਲੈ ਕੇ ਵਿਵਾਦ ਸਾਹਮਣੇ ਆਉਂਦੇ ਰਹੇ ਹਨ। ਗਾਹੇ ਬਗਾਹੇ ਡੇਰਿਆਂ ‘ਚ ਵਾਪਰਦੀਆਂ ਸ਼ੋਸ਼ਣ ਦੀਆਂ ਵਾਰਦਾਤਾਂ ਦੀਆਂ ਰਿਪੋਰਟਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ। ਸਮਾਜ ‘ਚ ਅਜਿਹੇ ਗੁੰਡਾਗਰਦ ਤੱਤਾਂ ਦੀ ਵੀ ਕੋਈ ਕਮੀ ਨਹੀਂ, ਜਿਹੜੇ ਆਪਣੀਆਂ ਸਮਾਜ ਵਿਰੋਧੀ ਕਾਰਵਾਈਆਂ ਛੁਪਾਉਣ ਲਈ ਧਾਰਮਿਕ ਲਿਬਾਸ ਨੂੰ ਵੀ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਦਿੱਲੀ ‘ਚ ਹਾਲੇ ਦੋ ਦਿਨ ਪਹਿਲਾਂ ਹੀ ਸੈਕਸ ਸਕੈਂਡਲ ’ਚ ਫੜੇ ਗਏ ਪਾਖੰਡੀ ਸਾਧ ਦਾ ਮਾਮਲਾ ਵੀ ਇਹੋ ਸਾਬਤ ਕਰਦਾ ਹੈ, ਜਿਸ ਦੁਆਰਾ ਧਾਰਮਿਕ ਲਿਬਾਸ ‘ਚ ਕੀਤੇ ਕਾਰੇ ਵੱਡੇ ਵੱਡੇ ਕੁਕਰਮਾਂ ਨੂੰ ਮਾਤ ਪਾਉਂਦੇ ਹਨ।

ਖੂੰਭਾਂ ਵਾਂਗ ਉਗੇ ਡੇਰਿਆਂ ਵਿੱਚ ਸਾਂਤੀ ਦਾ ਨਹੀਂ ਹਿੰਸਾ ਦਾ ਪਾਠ ਪੜ੍ਹਾਇਆ ਜਾਂਦਾ ਹੈ। ਗੁਰੂਆਂ ਪੀਰਾਂ ਵੱਲੋਂ ਵਰੋਸਾਇਆ ਪੰਜਾਬ ਡੇਰੇ ਰੂਪੀ ਬਾਰੂਦ ਦੇ ਢੇਰ ’ਤੇ ਬੈਠਾ ਹੈ, ਜਿਸ ਦਾ ਸਿੱਧਾ ਸੇਕ ਹਰ ਤਰੀਕੇ ਸਿੱਖ ਕੌਮ ਤੇ ਪੰਜਾਬ ਨੂੰ ਲੱਗ ਰਿਹਾ ਹੈ। ਇਹ ਡੇਰੇ ਜਿੱਥੇ ਸਿੱਖ ਸਿਧਾਂਤਾਂ ਦੀਆਂ ਧੱਜੀਆਂ ਉਡਾ ਕੇ ਸਿੱਖੀ ਨੂੰ ਢਾਹ ਲਗਾ ਰਹੇ ਹਨ, ਉਥੇ ਸੁਹਿਰਦ ਸਿੱਖ ਇਹਨਾਂ ਡੇਰਿਆਂ ਦਾ ਵਿਰੋਧ ਕਰਕੇ ਡਾਂਗਾ, ਗੋਲੀਆਂ ਖਾਂ ਕੇ ਸ਼ਹਾਦਤਾਂ ਦੇ ਰਹੇ ਹਨ। 1978 ਇਸੇ ਪੰਥਕ ਸਰਕਾਰ ਸਮੇਂ ਨਿਰੰਕਾਰੀ ਕਾਂਡ ਦੇ ਬਾਰੂਦੀ ਢੇਰ ਦੇ ਜਖਮ ਅੱਜ ਵੀ ਨਾਸੂਰ ਬਣ ਕੇ ਰਿਸ ਰਹੇ ਹਨ। ਰਾਜਨੀਤਿਕ ਭੁੱਖ ਪੂਰੀ ਕਰਨ ਲਈ ਜ਼ਖਮ ਉਚੇੜ ਤਾਂ ਜ਼ਰੂਰ ਲਏ ਜਾਂਦੇ ਹਨ, ਪਰ ਜੇਕਰ ਡੇਰਾਦਾਰਾਂ ਨੂੰ ਨੱਥ ਪਾਈ ਜਾਂਦੀ ਤਾਂ ਪੰਜਾਬ ’ਚ ਅਮਨ ਸ਼ਾਂਤੀ ਰਹਿਣੀ ਸੀ। ਪਰ ਅਕਾਲੀ ਸਰਕਾਰ ਉਲਟ ਸਿੱਖ ਵਿਰੋਧੀ ਡੇਰਿਆਂ ਨੂੰ ਵੋਟਾਂ ਖਾਤਰ ਸਰਪ੍ਰਸਤੀ ਦਿੱਤੀ ਜਾ ਰਹੀ ਹੈ, ਇਹਨਾਂ ਡੇਰਿਆਂ ਵਿੱਚ ਸ਼ਾਂਤੀ ਦਾ ਪਾਠ ਪੜ੍ਹਾਉਣ ਦੀ ਬਜਾਏ ਹਿੰਸਾ ਪਾਠ ਪੜ੍ਹਾਇਆ ਜਾਂਦਾ ਹੈ। ਪੰਜਾਬ ਨੇ ਨਿਰੰਕਾਰੀ, ਭਨਿਆਰਾ, ਨੂਰਮਹਿਲੀਏ, ਬੱਲਾਂ-ਵਾਲੇ, ਸਿਰਸਾ ਸੌਦਾ ਕਾਂਡ ਆਦਿ ਦਾ ਸੇਕ ਝੱਲਿਆ ਹੈ ਅਤੇ ਝੱਲ ਰਿਹਾ ਹੈ, ਪਰ ਇਹਨਾਂ ਕਾਂਡਾਂ ਨੂੰ ਰੋਕਣ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ, ਸਗੋਂ ਉਲਟਾ ਪੰਜਾਬ ਦੀ ਸ਼ਾਂਤੀ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਇਹ ਡੇਰੇ ਭਾਰਤ ਦੀ ਅਮਨ ਸ਼ਾਂਤੀ ਲਈ ਅਤੀ ਗੰਭੀਰ ਖੱਤਰਾ ਹਨ, ਪਰ ਕੇਂਦਰ ਸਰਕਾਰ ਤੇ ਪ੍ਰਾਂਤਿਕ ਸਰਕਾਰਾਂ ਇਸ ਗੱਲ ਨੂੰ ਸਮਝਣ ਲਈ ਤਿਆਰ ਨਹੀਂ।

ਅੱਜ ਪੰਜਾਬ ਲਾਵਾਰਿਸ ਹੈ, ਕੋਈ ਇਸ ਦਾ ਵਾਲੀ ਵਾਰਿਸ ਨਹੀਂ, ਜਿਸ ਦਾ ਜਦੋਂ ਜੀਅ ਕਰੇ, ਉਠੇ ਤੇ ਪੰਜਾਬ ਨੂੰ ਅੱਗ ਲਾ ਦੇਵੇ, ਭੰਨਤੋੜ ਕਰ ਦੇਵੇ, ਲੋਕਾਂ ਦਾ ਜਿਉਣਾ ਦੁੱਭਰ ਕਰ ਦੇਵੇ, ਕਿਸੇ ਨੂੰ ਕੋਈ ਰੋਕਣ ਵਾਲਾ ਨਹੀਂ, ਟੋਕਣ ਵਾਲਾ ਨਹੀਂ। ਸਿਰਫ ਤੇ ਸਿਰਫ ਸਿੱਖਾਂ ਨੂੰ ਕਿਸੇ ਵਿਰੋਧ ਤੋਂ ਰੋਕਣ ਲਈ ਗੋਲੀਆਂ ਚੱਲਦੀਆਂ ਹਨ, ਬਾਕੀ ਸਭ ਲਈ ਖੁੱਲੀ ਛੁੱਟੀ ਹੈ, ਕਿਉਂਕਿ ਪੰਜਾਬ ਨੂੰ ਅੱਗ ਲੱਗਣ ਦਾ ਕਿਸੇ ਨੂੰ ਦਰਦ ਨਹੀਂ, ਸੱਤਾਧਾਰੀਆਂ ਲਈ ਤਾਂ ਵੋਟਾਂ ਜ਼ਰੂਰੀ ਹਨ, ਵੋਟਾਂ ਬਦਲੇ ਉਹ ਕੁਝ ਵੀ ਝੱਲਣ ਲਈ, ਤਿਆਰ ਹਨ। ਅਮਨ ਕਾਨੂੰਨ ਨੂੰ ਬਣਾਈ ਰੱਖਣਾ ਹਰ ਸਰਕਾਰ ਦਾ ਮੁੱਢਲਾ ਫਰਜ਼ ਹੁੰਦਾ ਹੈ ਅਤੇ ਜਿਹੜੀ ਸਰਕਾਰ ਆਪਣੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਹੀ ਨਹੀਂ ਕਰ ਸਕਦੀ, ਉਸ ਨੂੰ ਫਿਰ ਗੱਦੀ ਤੇ ਬੈਠੇ ਰਹਿਣ ਦਾ ਵੀ ਕੋਈ ਹੱਕ ਨਹੀਂ। ਇਸ ਨਾਜ਼ੁਕ ਮੌਕੇ ਤੇ ਸਮੂਹ ਪੰਜਾਬੀਆਂ ਨੂੰ ਅਪੀਲ ਕਰਾਂਗੇ ਕਿ ਉਹ ਇੱਕਜੁਟ ਹੋ ਕੇ ਇਨ੍ਹਾਂ ਗੁੰਡਾ ਸ਼ਕਤੀਆਂ ਨੂੰ ਨਕੇਲ ਪਾਉਣ ਅਤੇ ਪੰਜਾਬ ਸਰਕਾਰ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਆਪਣੇ ਫਰਜ਼ ਦੀ ਪੂਰਤੀ ਕਰੇ।

- ਰਜਿੰਦਰ ਸਿੰਘ ਪੁਰੇਵਾਲ

## NEWS & VIEWS

# ELECTIONS & “SIKH” BOX IN CENSUS 2011



Sikhs who aspire to become Councillors and MPs, need to take some lessons from black Americans: remember, one of them is the President of the US today! Their slogan “Black is beautiful” impressed not only the blacks but all Americans. My own experience of 34 years in the British Civil Service is that **pride in own identity wins over friends from other communities also.**

The most important issue today of course is the question of a “Sikh” tick box in the census next year. Even non-Sikh MPs, over 150 of them, realise the importance of accurate Sikh counting in the 2011 census under their “qaumi” (ethnic) heading. Sikhs have a box under the optional question about “religion” but monitoring for allocation of resources by thousands of authorities, is done against the “ethnic” (qaumi) count, not under “religion”. This is the point on which we are being misled, sometimes by our own. It is NOT a political issue in itself, but one which has to do with the future of own community, which aspiring Sikh politicians need to take up publicly.

The Law Lords in the Mandla case of 1983, pronounced that the Sikhs are more than a “religion” due to additional characteristics, no matter which part of the world they come from or whether they are black or white. They are a distinct “ethnic” group where “ethnic” means “qaum” with own, religion, history, literature, culture and customs etc. All Sikhs, of Asian, white or black origins share these characteristics which make them “Sikh” – an inclusive theo-social community in own right, regardless of whether they are “sabat surat” or “mona” Sikhs. A “mona” Sikh today may become “sabat surat” tomorrow as has been the personal experience of thousands of first generation Sikhs in this country. Such distinctions are false and misleading.

By British “establishment”, we mean the government and administration at local and national levels, the political parties and the media – the press, radio and TV. The establishment is content to keep the British Sikhs where they are, while politicians visiting gurdwaras pay lip service to their honesty, loyalty and great contribution to the UK economy. The tactic of selling community interests for winning favours with the establishment may work today for some Sikhs, but the experience of communities like the American blacks is that things change with greater awareness of own identity.

**Sikh and non-Sikh election candidates, especially in Sikh areas, need to keep the question of Sikhs being given a “Sikh” (ethnic) tick box in the 2011 census form on the top of their election manifestos, while showing intelligent appreciation of national and local issues, which concern all communities.**

**Gurmukh Singh** (Ret’d Principal policy, UK Civil Service) E-mail: sewauk2004@hotmail.com